# ਦਫ਼ਤਰ ਪ੍ਰਿੰਸੀਪਲ, ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ।

ਮੀਮੋ ਨੰ: 2159 ਮਿਤੀ:25-08-2022

## ਨੋਟਿਸ

ਨੋਟਿਸ, ਮੀਮੋ ਨੰ: ਸ-20/ਮਨਿਓਰਟੀ/12957-13003 ਮਿਤੀ 12-08-2022 ਦੀ ਲਗਾਤਾਰਤਾ ਵਿੱਚ ਕਾਲਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਘੱਟ ਗਿਣਤੀ ਵਰਗ (ਮਾਇਨੋਰਟੀਜ਼) ਨਾਲ ਸਬੰਧਤ ਪੋਰਟਲ ਸ਼ੈਸ਼ਨ 2022-23 ਲਈ ਓਪਨ ਹੋ ਚੁੱਕਾ ਹੈ। ਘੱਟ ਗਿਣਤੀ ਵਰਗ (ਸਿੱਖ, ਮੁਸਲਿਸ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਨਾਲ ਸਬੰਧਤ ਵਿਦਿਆਰਥੀ ਪੋਰਟਲ ਤੇ ਅਪਲਾਈ ਕਰ ਸਕਦੇ ਹਨ। ਇਸਨੂੰ ਅਪਲਾਈ ਕਰਨ ਦੀ ਅੰਤਿਮ ਮਿਤੀ 31-10-2022 ਹੈ। ਅਪਲਾਈ ਕਰਨ ਉਪਰੰਤ ਮਿਤੀ 01-11-2022 ਦਿਨ ਸੋਮਵਾਰ ਤੋਂ ਹਾਰਡ ਕਾਪੀ ਕਾਲਜ ਵਿੱਚ ਸਕਾਲਰਸ਼ਿਪ ਬਰਾਂਚ ਵਿੱਚ ਸਬੰਧਤ ਕਲਰਕ ਜਗਜੀਤ ਪਾਲ ਨੂੰ ਜਮ੍ਹਾ ਕਰਵਾ ਸਕਦੇ ਹਨ । ਅਪਲਾਈ ਕਰਨ ਲਈ ਦਸਤਾਵੇਜ ਅਤੇ ਸ਼ਰਤਾਂ ਇਸ ਪ੍ਰਕਾਰ ਹਨ:-

1. ਪਿਛਲੀ ਕਲਾਸ 50% ਅੰਕਾਂ ਨਾਲ ਪਾਸ ਕੀਤੀ ਹੋਵੇ
2. ਆਮਦਨ ਸਰਟੀਫਿਕੇਟ (2 ਲੱਖ ਤੋਂ ਘੱਟ ਹੋਵੇ ਅਤੇ ਐਗਜੀਕੁਟਿਵ ਮੈਜਿਸਟਰੇਟ ਤੋਂ ਜਾਰੀ, ਇੱਕ ਸਾਲ ਤੋਂ ਪੁਰਾਣਾ ਨਾ ਹੋਵੇ)
3. ਘੱਟ ਗਿਣਤੀ ਵਰਗ (ਜਾਤੀ) ਸਰਟੀਫਿਕੇਟ
4. ਰਿਹਾਇਸੀ ਸਰਟੀਫਿਕੇਟ (2 ਸਾਲ ਤੋਂ ਜਿਆਦਾ ਪੁਰਾਣਾ ਨਾ ਹੋਵੇ)
5. ਨਿਰਧਾਰਿਤ ਅੰਡਰ-ਟੇਕਿੰਗ
6. ਪਿਛਲੀ ਕਲਾਸਾਂ ਦੇ ਸਰਟੀਫਿਕੇਟ
7. ਆਧਾਰ ਕਾਰਡ (ਵਿਦਿਆਰਥੀ ਅਤੇ ਮਾਤਾ-ਪਿਤਾ)
8. ਬੈਂਕ ਦੀ ਕਾਪੀ, ਜਿਸ ਤੇ IFSC ਕੋਡ ਹੋਵੇ ਅਤੇ ਬੈਂਕ ਖਾਤਾ ਆਧਾਰ ਕਾਰਡ ਨਾਲ ਲਿੰਕ ਹੋਵੇ
9. ਫੋਟੋ (Latest) (2)

ਪ੍ਰਿੰਸੀਪਲ
ਸਰਕਾਰੀ ਕਾਲਜ
ਸ੍ਰੀ ਮੁਕਤਸਰ ਸਾਹਿਬ।

# ਦਫ਼ਤਰ ਪ੍ਰਿੰਸੀਪਲ, ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ।

ਮੀਮੋ ਨੰ: 2158

ਮਿਤੀ:25-08-2022

## ਨੋਟਿਸ

ਕਾਲਜ ਵਿੱਚ ਕਿਸੇ ਵੀ ਕਲਾਸ ਦੇ ਪਹਿਲੇ ਸਮੈਸਟਰ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਆਪਣੀ ਪਿਛਲੀ ਕਲਾਸ ਵਿੱਚ 80% ਅੰਕ ਜਾਂ ਇਸਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ, ਉਹ ਨੈਸ਼ਨਲ ਸਕਾਲਰਸ਼ਿਪ ਪੋਰਟਲ 'ਤੇ CENTRAL SECTOR SCHEME OF SCHOLARSHIP FOR COLLEGEAND UNIVERSITY STUDENTS ਸਕਾਲਰਸ਼ਿਪ ਸਕੀਮ ਅਪਲਾਈ ਕਰ ਸਕਦੇ ਹਨ। ਅਪਲਾਈ ਕਰਨ ਉਪਰੰਤ ਮਿਤੀ 01-11-2022 ਦਿਨ ਸੋਮਵਾਰ ਤੋਂ ਹਾਰਡ ਕਾਪੀ ਕਾਲਜ ਵਿੱਚ ਸਕਾਲਰਸ਼ਿਪ ਬਰਾਂਚ ਵਿੱਚ ਸਬੰਧਤ ਕਲਰਕ ਜਗਜੀਤ ਪਾਲ ਨੂੰ ਜਮ੍ਹਾ ਕਰਵਾ ਸਕਦੇ ਹਨ।

**ਅਪਲਾਈ ਕਰਨ ਦਾ ਲਿੰਕ: https://nsp.gov.in**

ਸਤਵੰਤ ਕੌਰ 25/8/2022

ਪ੍ਰਿੰਸੀਪਲ
ਸਰਕਾਰੀ ਕਾਲਜ
ਸ੍ਰੀ ਮੁਕਤਸਰ ਸਾਹਿਬ।

# ਦਫ਼ਤਰ ਪ੍ਰਿੰਸੀਪਲ, ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ।

ਮਿਤੀ:25-08-2022

ਮੀਮੋ ਨੰ: 2160

## ਦਫਤਰੀ ਨੋਟਿਸ

ਕਾਲਜ ਦੇ ਸਮੂਹ ਐਸ. ਸੀ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਡਾ. ਬੀ.ਆਰ.ਅੰਬੇਡਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਲੈਣ ਲਈ ਇਛੁੱਕ ਵਿਦਿਆਰਥੀ ਨੂੰ **https://nsp.gov.in** ਪੋਰਟਲ ਉੱਪਰ ਰਜਿਸਟਰ ਹੋਣਾ ਜਰੂਰੀ ਹੈ ਅਤੇ ਰਜਿਸਟਰ ਹੋਣ ਉਪਰੰਤ ਵਿਦਿਆਰਥੀ **www.scholarship.punjab.gov.in** ਲਿੰਕ ਉੱਪਰ ਫ੍ਰੀ-ਸ਼ਿਪ ਕਾਰਡ (Free ship Card) ਲਈ ਅਪਲਾਈ ਕਰਨਾ ਲਾਜ਼ਮੀ ਬਣਾਉਣਗੇ ਕਿਉਕਿ ਫ੍ਰੀ-ਸ਼ਿਪ (Free ship Card) ਕਾਰਡ ਤੋਂ ਬਿਨਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਲਾਭ ਨਹੀ ਮਿਲ ਸਕਦਾ। ਇਸ ਸਕੀਮ ਵਿੱਚ ਅਪਲਾਈ ਕਰਨ ਲਈ ਹੇਠ ਲਿਖੇ ਦਸਤਾਵੇਜ਼ ਅਪਲੋਡ ਕਰਨੇ ਜਰੂਰੀ ਹਨ।

**ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ।**

- ਵਿਦਿਆਰਥੀ ਦੀ ਪਾਸਪੋਰਟ ਸਾਈਜ਼ ਫੋਟੋ
- ਵਿਦਿਆਰਥੀ ਦਾ ਅਧਾਰ ਕਾਰਡ
- ਪਿਛਲੀ ਪਾਸ ਕੀਤੀ ਪ੍ਰੀਖਿਆ ਦਾ ਸਰਟੀਫਿਕੇਟ
- ਕੰਪੀਟੈਂਟ ਅਥਾਰਟੀ ਵੱਲੋਂ ਜਾਰੀ ਕੀਤਾ ਆਮਦਨ ਸਰਟੀਫਿਕੇਟ ( ਮਿਤੀ 31-03-2022 ਤੋਂ ਬਾਅਦ ਵਾਲਾ )
- ਵਿਦਿਆਰਥੀ ਦੇ ਬੈਂਕ ਖਾਤੇ ਲਈ ਲੋੜੀਦੀ ਪਾਸ ਬੁੱਕ ਸਮੇਤ IFSC CODE ਅਤੇ ਖਾਤਾ ਚਾਲੂ ਹੋਣਾ ਲਾਜ਼ਮੀ ਹੈ ( ਖਾਤਾ ਅਧਾਰ ਕਾਰਡ ਨਾਲ ਲਿੰਕ ਹੋਣਾ ਜਰੂਰੀ ਹੈ )
- ਵਿਦਿਆਰਥੀ ਦਾ ਜਾਤੀ ਸਰਟੀਫਿਕੇਟ
- ਪਹਿਲਾ ਤੋਂ ਲਾਭ ਲੈ ਰਹੇ ਵਿਦਿਆਰਥੀ ਆਪਣੇ ਵਜੀਫੇ ਆਈ.ਡੀ. ਰਾਹੀ ਅਪਲਾਈ ਕਰ ਸਕਦੇ ਹਨ।

**ਨੋਟ -: ਜਿਹਨਾ ਵਿਦਿਆਰਥੀਆਂ ਦਾ ਫ੍ਰੀਸ਼ਿਪ ਕਾਰਡ ਬਣਿਆ ਹੈ ਉਹਨਾ ਨੂੰ ਦੁਆਰਾ ਤੋਂ ਫ੍ਰੀਸ਼ਿਪ ਕਾਰਡ ਬਣਾਉਣ ਦੀ ਜਰੂਰਤ ਨਹੀ ਹੈ**

ਪ੍ਰਿੰਸੀਪਲ
ਸਰਕਾਰੀ ਕਾਲਜ
ਸ੍ਰੀ ਮੁਕਤਸਰ ਸਾਹਿਬ